**ਪ੍ਰਮੁੱਖ ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ,ਪੰਜਾਬ ਐਜੂਸੈਟ ਸੁਸਾਇਟੀ**
ਈ.ਐਂਡ.ਐਫ ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ,
ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ।
ਫੋਨ ਨੰ. 0172- 2231800, 2215701 ਈ-ਮੇਲ: edusat.punjab@gmail.com

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਸਰਕਾਰੀ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।
3. ਸਮੂਹ ਜਿਲ੍ਹਾ ਐਜੂਸੈਟ ਕੋਆਰਡੀਨੇਟਰ, ਪੰਜਾਬ (ਵੈਬਸਾਈਟ ਰਾਹੀਂ)।

ਮੀਮੋ ਨੰ.: 24/01/2008/ਪੀ.ਈ.ਐਸ/ਸਪੈਸ਼ਲ ਲੈਕਚਰ/4243-45
ਮਿਤੀ: 7 ਅਗਸਤ, 2013.

**ਵਿਸ਼ਾ: ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਸ਼ਨੀਵਾਰ ਸਵੇਰੇ 08:15 ਵਜੇ ਤੋਂ 08:55 ਵਜੇ ਤੱਕ ਸਪੈਸ਼ਲ ਪ੍ਰੋਗਰਾਮ Meet a Scientist ਮਿਤੀ 17.08.2013 ਤੋਂ ਲਾਈਵ ਟੈਲੀਕਾਸਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਸ਼ਨੀਵਾਰ ਨੂੰ ਸ਼ਡਿਊਲ ਮੁਤਾਬਿਕ ਕੈਰੀਅਰ ਕਾਊਂਸਲਿੰਗ/ਹੈਲਥ ਅਵੇਅਰਨੈਸ ਦਾ ਸਪੈਸ਼ਲ ਪ੍ਰੋਗਰਾਮ ਕਰਵਾਇਆ ਜਾਂਦਾ ਰਿਹਾ ਹੈ। ਹੁਣ ਇਸ ਸਮੇਂ ਇਸੇ ਦਿਨ ਇੱਕ ਨਵਾਂ ਪ੍ਰੋਗਰਾਮ Meet a Scientist ਸ਼ੁਰੂ ਕੀਤਾ ਜਾ ਰਿਹਾ ਹੈ, ਜਿਸ ਵਿੱਚ IISER (Indian Institute of Science Education & Research) Mohali ਦੇ ਸਾਇੰਸਦਾਨ ਵਿਦਿਆਰਥੀਆਂ ਨਾਲ ਰੂਬਰੂ ਹੋਣਗੇ। ਮਿਤੀ 17.08.2013 ਨੂੰ ਸਵੇਰੇ 08:15 ਤੋਂ 08:55 ਵਜੇ ਤੱਕ ਦੇ ਪ੍ਰੋਗਰਾਮ ਵਿੱਚ Prof. Arvind, Professor (Physics) & Dean (Students), IISER ਸਾਇੰਸਦਾਨ ਵਿਦਿਆਰਥੀਆਂ ਨੂੰ ਲਾਈਵ ਐਡਰੈਸ ਕਰਨਗੇ। ਇਸੇ ਤਰ੍ਹਾਂ ਅਗਲੇ ਹਫਤਿਆਂ ਦੇ ਪ੍ਰੋਗਰਾਮ ਵੀ ਕੀਤੇ ਜਾਣਗੇ। ਕ੍ਰਿਪਾ ਕਰਕੇ ਸ਼ਡਿਊਲ ਅਨੁਸਾਰ ਵਿਦਿਆਰਥੀ ਅਤੇ ਸਬੰਧਤ ਵਿਸ਼ਾ ਅਧਿਆਪਕ ਇਹ ਪ੍ਰੋਗਰਾਮ ਜਰੂਰ ਅਟੈਂਡ ਕਰਨ।

ਇਹ ਪ੍ਰੋਗਰਾਮ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਹੁਤ ਲਾਹੇਵੰਦ ਹੋਵੇਗਾ। ਕ੍ਰਿਪਾ ਕਰਕੇ ਇਸ ਪ੍ਰੋਗਰਾਮ ਸਬੰਧੀ ਆਪਣੇ ਵਿਚਾਰ edusat.punjab@gmail.com ਤੇ ਜਰੂਰ ਦਿੱਤੇ ਜਾਣ ਤਾਂ ਜੋ ਫੀਡਬੈਕ ਅਨੁਸਾਰ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਇਆ ਜਾ ਸਕੇ। ਐਸ.ਆਈ.ਟੀ ਵਾਲੇ ਸਕੂਲਾਂ ਵਿੱਚ ਅਧਿਆਪਕ ਕ੍ਰਿਪਾ ਕਰਕੇ ਵਿਦਿਆਰਥੀਆਂ ਨੂੰ ਪ੍ਰੋਗਰਾਮ ਦੇ ਆਖਰੀ 15 ਮਿੰਟ ਸਾਇੰਸਦਾਨ ਨਾਲ ਗਲ ਬਾਤ ਕਰਨ ਲਈ ਪ੍ਰੋਸਾਹਿਤ ਵੀ ਕਰਨ ਅਤੇ ਮਾਈਕ ਦੀ ਬੈਟਰੀ ਵੀ ਨਵੀਂ ਬਦਲ ਕੇ ਰੱਖੀ ਜਾਵੇ।

ਕ੍ਰਿਪਾ ਕਰਕੇ ਵਿਦਿਆਰਥੀਆਂ ਨੂੰ ਇਹ ਵੀ ਟ੍ਰੇਨਿੰਗ ਦਿੱਤੀ ਜਾਵੇ ਕਿ ਜਦੋਂ ਉਹ ਬੋਲਣ ਤਾਂ ਮਾਈਕ ਆਨ ਕਰ ਲੈਣ ਅਤੇ ਬੋਲਣ ਉਪਰੰਤ ਮਾਈਕ ਇੱਕ ਦਮ ਆਫ ਕਰ ਦੇਣ ਅਤੇ ਦੁਬਾਰਾ ਬੋਲਣ ਸਮੇਂ ਫਿਰ ਇਸ ਤਰ੍ਹਾਂ ਹੀ ਕਰਨ। ਕੇਵਲ ਇਸ ਤਰ੍ਹਾਂ ਕਰਨ ਨਾਲ ਹੀ ਚੰਗੀ ਇੰਟਰੈਕਸ਼ਨ ਹੋ ਸਕਦੀ ਹੈ।

ਪ੍ਰਮੁੱਖ ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.: 24/01/2008/ਪੀ.ਈ.ਐਸ/ਸਪੈਸ਼ਲ ਲੈਕਚਰ/4246 ਮਿਤੀ: 07.08.2013.

ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ) ਨੂੰ ਪੱਤਰ ਵੈਬਸਾਈਟ ਤੇ ਤੁਰੰਤ ਉਪਲਬਧ ਕਰਵਾਉਣ ਲਈ ਭੇਜਿਆ ਜਾਂਦਾ ਹੈ ਜੀ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ